ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਬਲਾਕ ਈ,ਪੰਜਵੀ ਮੰਜਿਲ, ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਫੇਜ਼ 8; ਐਸ.ਐਸ.ਏ ਨਗਰ (ਮੁਹਾਲੀ)

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐ:ਸਿ)
2. ਸਮੂਹ ਪ੍ਰਿੰਸੀਪਲ, ਸਰਕਾਰੀ ਇਨਸਰਵਿਸ ਟਰੇਨਿੰਗ ਸੈਂਟਰ, ਪੰਜਾਬ
3. ਸਮੂਹ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਪੰਜਾਬ
4. ਸਮੂਹ ਸਰਕਾਰੀ ਹਾਈ/ਸੀ.ਸੈ. ਸਕੂਲਾਂ ਦੇ ਮੁੱਖੀ, ਪੰਜਾਬ
5. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ:ਏ.ਐਸ.ਪੀ.ਡੀ/ਰਮਸਅ/2015/11620

ਮਿਤੀ: 03-12-2015

ਵਿਸ਼ਾ:- ਰਮਸਅ ਤਹਿਤ ਐਜੂਸੈਟ ਰਾਹੀ ਟੀਚਰ ਟ੍ਰੇਨਿੰਗ ਕਰਵਾਉਣ ਸੰਬੰਧੀ।

1. ਉਕਤ ਵਿਸ਼ੇ ਸੰਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਰਮਸਅ ਤਹਿਤ ਸਰਕਾਰੀ ਹਾਈ/ਸੀ.ਸੈ ਸਕੂਲਾਂ ਦੇ 9ਵੀਂ 10ਵੀਂ ਜਮਾਤਾਂ ਨੂੰ ਪੜ੍ਹਾਉਂਦੇ ਵਿਸ਼ਾ ਅਧਿਆਪਕਾਂ ਨੂੰ ਅਕਾਦਮਿਕ ਸੈਸ਼ਨ 2015-16 ਦੌਰਾਨ P.A.B ਭਾਰਤ ਸਰਕਾਰ ਵੱਲੋਂ 10 ਰੋਜ਼ਾ ਵਿਸ਼ਾ ਸੰਬੰਧਤ ਅਤੇ ਜਨਰਲ ਟ੍ਰੇਨਿੰਗ ਕਰਵਾਏ ਜਾਣ ਦੀ ਮਨਜ਼ੂਰੀ ਦਿੱਤੀ ਗਈ ਹੈ। ਸੈਸ਼ਨ 2015-16 ਦੀ ਬਾਕੀ ਰਹਿੰਦੀ ਟ੍ਰੇਨਿੰਗ ਵਿੱਚ ਜਿਲ੍ਹਾ ਪੱਧਰ 'ਤੇ ਫੇਸ ਟੂ ਫੇਸ ਟ੍ਰੇਨਿੰਗ SCERT ਵੱਲੋਂ ਕਰਵਾਈ ਜਾਣੀ ਹੈ, ਜਦੋਂ ਕਿ ਇਸ ਟ੍ਰੇਨਿੰਗ ਦਾ ਇੱਕ ਹਿੱਸਾ ਐਜੂਸੈਟ ਰਾਹੀ ਮੁੱਖ ਦਫਤਰ ਰਮਸਅ ਵੱਲੋਂ ਕਰਵਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਤਾਂ ਜੋ ਅਧਿਆਪਕਾਂ ਨੂੰ ਸਕੂਲ ਪੱਧਰ 'ਤੇ ਵੀ ਟ੍ਰੇਨਿੰਗ ਕਰਵਾਈ ਜਾ ਸਕੇ।

2. ਵਿਸ਼ਾ ਵਾਈਜ਼ ਅਧਿਆਪਕਾਂ ਦੀ ਟ੍ਰੇਨਿੰਗ ਮਿਤੀ 7.12.2015 ਤੋਂ 23.12.2015 ਤੱਕ ਅਤੇ ਮਿਤੀ 04.01.2016 ਤੋਂ 06.01.2016 ਤੱਕ ਕਰਵਾਏ ਜਾਣ ਦਾ ਸ਼ਡਿਊਲ ਅਨੁਲੱਗ 'ੳ' ਤੇ ਹੈ। ਐਜੂਸੈਟ ਰਾਹੀ ਟ੍ਰੇਨਿੰਗ ਦਾ ਸਮਾਂ ਬਾਅਦ ਦੁਪਹਿਰ 12.30 ਤੋਂ ਹੋਵੇਗਾ।ਐਜੂਸੈਟ ਰਾਹੀ ਟ੍ਰੇਨਿੰਗ ਦਾ ਸੈਸ਼ਨ ਪੂਰਾ ਹੋਣ ਤੋਂ ਬਾਅਦ ਅਧਿਆਪਕਾਂ ਦਾ ਡਿਸਕਸਨ/ਫੀਡਬੈਕ ਸੈਸ਼ਨ ਹੋਵੇਗਾ, ਜਿਸ ਦੌਰਾਨ ਅਧਿਆਪਕਾਂ ਵੱਲੋਂ ਆਪਣੇ ਵਿਸ਼ੇ ਦੇ ਸਹਿ-ਅਧਿਆਪਕਾਂ/ਸਕੂਲ ਮੁੱਖੀ ਨਾਲ ਇਸ ਦਿਨ ਦੇ ਸੈਸ਼ਨ ਬਾਰੇ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ ਅਤੇ ਜੇਕਰ ਟ੍ਰੇਨਿੰਗ ਸੈਸ਼ਨ ਸਬੰਧੀ ਕੋਈ ਸਵਾਲ/ਸੁਝਾਅ ਹੋਣ ਤਾਂ ਉਹ ਸੈਸ਼ਨ ਦੌਰਾਨ ਦਰਸਾਈ ਗਈ email id 'ਤੇ ਭੇਜ ਸਕਦੇ ਹਨ।

3. ਸਮੂਹ ਸਰਕਾਰੀ ਹਾਈ/ਸੀ.ਸੈ.ਸਕੂਲਾਂ ਦੇ ਵਿਸ਼ਾ ਅਧਿਆਪਕਾਂ ਦਾ ਦਿੱਤੇ ਸ਼ਡਿਊਲ (ਅਨੁਲੱਗ 'ੳ') ਅਨੁਸਾਰ ਆਪਣੇ ਹੀ ਸਕੂਲ ਵਿੱਚ ਐਜੂਸੇਟ ਰਾਹੀ ਟ੍ਰੇਨਿੰਗ ਵਿੱਚ ਸ਼ਮੂਲੀਅਤ ਕਰਨਾ ਸੰਬੰਧਤ ਸਕੂਲ ਮੁੱਖੀ ਵੱਲੋਂ ਯਕੀਨੀ ਬਣਾਇਆ ਜਾਵੇਗਾ ਅਤੇ ਇਸ ਸਮੇਂ ਦੌਰਾਨ ਐਜੂਸੈਟ ਦਾ ਚਾਲੂ ਹਾਲਤ ਵਿੱਚ ਯਕੀਨੀ ਬਣਾਉਣਾ ਵੀ ਸਕੂਲ ਮੁੱਖੀ ਦੀ ਜਿੰਮੇਵਾਰੀ ਹੋਵੇਗੀ।ਜੇਕਰ ਕਿਸੇ ਤਕਨੀਕੀ ਕਾਰਨ ਕਰਕੇ ਕਿਸੇ ਸਕੂਲ ਦਾ ਐਜੂਸੈਟ ਕੰਮ ਨਹੀ ਕਰ ਰਿਹਾ ਤਾਂ ਸਕੂਲ ਮੁੱਖੀ ਵੱਲੋਂ ਸੰਬੰਧਤ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਦੇ ਧਿਆਨ ਵਿੱਚ ਲਿਆਂਦਾ ਜਾਵੇ।ਜੇਕਰ ਸਮਾਂ ਰਹਿੰਦੇ ਸੰਬੰਧਤ ਸਕੂਲ ਦਾ ਐਜੂਸੈਟ ਚਾਲੂ ਨਾ ਹੋ ਸਕੇ ਤਾਂ ਸੰਬੰਧਤ ਸਕੂਲ ਮੁੱਖੀ ਵੱਲੋਂ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਦੇ ਸਹਿਯੋਗ ਨਾਲ ਕਿਸੇ ਨੇੜੇ ਦੇ ਸਕੂਲ ਵਿੱਚ ਆਪਣੇ ਪੱਧਰ 'ਤੇ ਆਪਣੇ ਸਕੂਲ ਦੇ ਅਧਿਆਪਕਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਕਰਵਾਇਆ ਜਾਵੇਗਾ।

4. ਮਿੱਥੇ ਸ਼ਡਿਊਲ ਅਨੁਸਾਰ ਜਿਸ ਵਿਸ਼ੇ ਦੇ ਅਧਿਆਪਕ ਦੀ ਐਜੂਸੈਟ ਰਾਹੀ ਟ੍ਰੇਨਿੰਗ ਹੈ, ਸਕੂਲ ਮੁੱਖੀ ਵੱਲੋਂ ਆਪਣੇ ਪੱਧਰ ਤੇ ਸੰਬੰਧਤ ਅਧਿਆਪਕ ਦੇ ਟਾਈਮ ਟੇਬਲ ਦੀ ਅਡਜਸਟਮੈਂਟ ਜਿੱਥੋਂ ਤੱਕ ਸੰਭਵ ਹੋ ਸਕੇ, ਇਸ ਤਰੀਕੇ ਨਾਲ ਕੀਤੀ ਜਾਵੇ ਕਿ ਉਹ ਵਿਸ਼ਾ ਅਧਿਆਪਕ ਆਪਣੇ ਮੁੱਖ ਪੀਰੀਅਡ 12.30 p.m ਤੋਂ ਪਹਿਲਾ ਲੈ ਸਕੇ ਤਾਂ ਜੋ ਵਿਦਿਆਰਥੀ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ।ਜੇਕਰ ਵਿਸ਼ਾ ਅਧਿਆਪਕ ਵਾਜਿਬ ਸਮਝੇ ਜਾਣ ਤਾਂ ਸੰਬੰਧਤ ਜਮਾਤ ਦੇ ਵਿਦਿਆਰਥੀਆਂ ਨੂੰ ਵੀ ਇਸ ਐਜੂਸੈਟ

ਟ੍ਰੇਨਿੰਗ ਸੈਸ਼ਨ ਵਿੱਚ ਬਿਠਾਇਆ ਜਾਵੇ। ਜਿਹੜੇ ਅਧਿਆਪਕ ਦਾ ਉਸ ਸਮੇਂ ਪੀਰੀਅਡ ਖਾਲੀ ਹੋਵੇ ਤਾਂ ਉਹ ਵੀ ਇਸ ਟ੍ਰੇਨਿੰਗ ਸੈਸ਼ਨ ਵਿੱਚ ਬੈਠ ਸਕਦੇ ਹਨ।

5. ਕਿਸੇ ਵੀ ਹਾਲਤ ਵਿੱਚ ਵਿਸ਼ਾ ਅਧਿਆਪਕ, ਜਿਸ ਦੀ ਮਿੱਥੇ ਸ਼ਡਿਊਲ ਅਨੁਸਾਰ ਐਜੂਸੈਟ ਰਾਹੀ ਟ੍ਰੇਨਿੰਗ ਹੈ, ਨੂੰ ਸਕੂਲ ਮੁੱਖੀ ਵੱਲੋਂ ਕਿਸੇ ਹੋਰ ਡਿਊਟੀ ਜਾਂ ਕਾਰਜ 'ਤੇ ਨਹੀ ਲਗਾਇਆ ਜਾਵੇਗਾ। ਜੇਕਰ ਕੋਈ ਵਿਸ਼ੇਸ਼ ਡਿਊਟੀ ਜਾਂ ਹਾਲਾਤ ਵਿੱਚ ਅਧਿਆਪਕ ਨੂੰ ਭੇਜਣਾ ਪੈਦਾ ਹੈ ਤਾਂ ਸੰਬੰਧਿਤ ਸਕੂਲ ਮੁੱਖੀ ਵੱਲੋਂ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਦੇ ਧਿਆਨ ਵਿੱਚ ਲਿਆਉਣਾ ਜਰੂਰੀ ਹੋਵੇਗਾ।

6. ਐਜੂਸੈਟ ਟ੍ਰੇਨਿੰਗ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਦਾ ਸੰਬੰਧਤ ਸਕੂਲ ਮੁੱਖੀ ਵੱਲੋਂ ਰਿਕਾਰਡ ਰੱਖਿਆ ਜਾਵੇਗਾ ਕਿ ਕਿਸ ਅਧਿਆਪਕ ਨੇ ਕਿਸ ਦਿਨ ਕਿਸ ਵਿਸ਼ੇ ਤੇ ਟ੍ਰੇਨਿੰਗ ਪ੍ਰਾਪਤ ਕੀਤੀ ਅਤੇ ਹਫਤਾਵਾਰੀ ਰਿਪੋਰਟ ਤਸਦੀਕ ਕਰਕੇ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਪ੍ਰਿੰਸੀਪਲ GISTC, ਪ੍ਰਿੰਸੀਪਲ ਡਾਇਟ ਨੂੰ ਭੇਜੀ ਜਾਵੇਗੀ/email ਕੀਤੀ ਜਾਵੇਗੀ। ਇਸ ਉਪਰੰਤ ਸੰਬੰਧਤ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਵੱਲੋਂ ਮਿਤੀ ਵਾਈਜ਼/ਵਿਸ਼ਾ-ਵਾਈਜ਼ ਅਧਿਆਪਕਾਂ ਦੀ ਟ੍ਰੇਨਿੰਗ ਵਿੱਚ ਸ਼ਮੂਲੀਅਤ ਸੰਬੰਧੀ ਹਫਤਾਵਾਰੀ ਰਿਪੋਰਟ (ਵਿਸ਼ਾ-ਵਾਈਜ਼ ਅਧਿਆਪਕਾਂ ਗਿਣਤੀ, ਅਧਿਆਪਕਾਂ/ਸਕੂਲ ਮੁੱਖੀਆਂ ਵੱਲੋਂ ਪ੍ਰਤੀਕਰਮ ਦੇ ਅਧਾਰ 'ਤੇ ਜਿਲ੍ਹਾ ਸਿੱਖਿਆ ਅਧਿਆਪਕ (ਸੈ:ਸਿ) ਦੀ ਟਿੱਪਣੀ ਸਮੇਤ) ਹਰੇਕ ਸੋਮਵਾਰ ਸ਼ਾਮ 5 ਵਜੇ ਤੱਕ ਮੁੱਖ ਦਫ਼ਤਰ ਨੂੰ email/fax ਰਾਹੀ ਭੇਜੀ ਜਾਵੇ ਜੀ।

7. ਟ੍ਰੇਨਿੰਗ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਸੰਬੰਧਤ ਮੰਡਲ ਸਿਖਿਆ ਅਫਸਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐ:ਸਿ) ਪ੍ਰਿੰਸੀਪਲ GISTC, ਪ੍ਰਿੰਸੀਪਲ DIET ਵੱਲੋਂ ਸਮੇਂ ਸਮੇਂ ਸਿਰ ਆਪਣੇ ਸ਼ਡਿਊਲ, ਦਫਤਰੀ ਸਹੂਲਤ ਅਨੁਸਾਰ ਇਸ ਟ੍ਰੇਨਿੰਗ ਦੀ monitoring ਕੀਤੀ ਜਾਵੇਗੀ ਅਤੇ ਟ੍ਰੇਨਿੰਗ ਬਾਰੇ ਟਿੱਪਣੀ/ਸੁਝਾਅ (ਜੇਕਰ ਕੋਈ ਹੋਵੇ) ਤਾਂ ਸਿੱਧੇ ਤੌਰ 'ਤੇ ਇਸ ਦਫਤਰ ਨੂੰ email ਰਾਹੀ ਭੇਜਣਗੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ,
ਪੰਜਾਬ।

ਪਿੰਠ ਅੰਕਣ- ASPD/TT/RMSA-2015 ਮਿਤੀ:

ਉਪਰੋਕਤ ਦਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ
2. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
3. ਡਿ.ਐਸ.ਪੀ.ਡੀ. ਐਜੂਸੈਟ ਨੂੰ ਐਜੂਸੈਟ ਦੇ ਨਿਯਮਾਂ ਅਨੁਸਾਰ ਇਸ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਕਰਵਾਏ ਜਾਣ ਹਿੱਤ
4. ਡਿ.ਐਸ.ਐਸ.ਆਈ.ਐਸ. ਨੂੰ ਵੈਬਸਾਈਟ ਰਾਹੀ ਜਾਰੀ ਕਰਨ ਹਿੱਤ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ,
ਪੰਜਾਬ।

ਅਨੁਲਗ 'ੳ'

| | Time: 12:30 pm to 03:20 pm | |
|---|---|---|
| **Date** | **Subject Teacher** | **Topic** |
| Dec 07 | S. St | Flipped Classroom (Innovative way of teaching) + Cornerstones of teaching learning |
| Dec 08 | S. St + Hindi + English | Environment |
| Dec 09 | Maths + Science + Punjabi | Environment |
| Dec 10 | Maths | Vedic Maths |
| Dec 11 | Maths | Flipped Classroom (Innovative way of teaching) + Cornerstones of teaching learning |
| Dec 12 | Holiday (Second Saturday) | |
| Dec 13 | Sunday | |
| Dec 14 | Science | Periodic Table - Microorganisms - |
| Dec 15 | English | Soft Skills |
| Dec 16 | Holiday | |
| Dec 17 | Science | Flipped Classroom (Innovative way of teaching) + Cornerstones of teaching learning |
| Dec 18 | Hindi | Pedagogical approach & innovations in teaching of Hindi |
| Dec 19 | Punjabi | Content & Pedagogy based |
| Dec 20 Sunday | Sunday | |
| Dec 21 | School Heads + S.St +English | Guidance & Counseling |
| Dec 22 | Hindi & Maths | Guidance & Counseling |
| Dec 23 | Science & Punjabi | Guidance & Counseling |
| Jan 04 | School Heads + S.St +English | POCSO |
| Jan 05 | Hindi & Maths | POCSO |
| Jan 06 | Science & Punjabi | POCSO |